**ਆਈ. ਸੀ. ਏ. ਆਰ. - ਕੇਂਦਰੀ ਕਪਾਹ ਖ਼ੋਜ ਸੰਸਥਾ, ਨਾਗਪੁਰ**

**ਨਰਮੇਂ - ਕਪਾਹ ਦੀ ਕਾਸ਼ਤ ਲਈ ਚੌਦਵੀਂ ਹਫ਼ਤਾਵਾਰੀ ਸਲਾਹ (10 ਤੋਂ 16 ਸਿਤੰਬਰ, 2026 ਤੱਕ)**

## ੳ. ਮਿੱਟੀ ਦੀ ਸਿਹਤ, ਖ਼ੁਰਾਕੀ ਤੱਤਾਂ, ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਬਾਰੇ ਆਮ ਜਾਣਕਾਰੀ:

ਨਰਮੇਂ-ਕਪਾਹ ਦੀ ਵਧੀਆ ਪੈਦਾਵਾਰ ਸੰਤੁਲਿਤ ਖ਼ੁਰਾਕ, ਜਲ ਪ੍ਰਬੰਧਨ, ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੀ ਸਰਗਰਮ ਨਿਗਰਾਨੀ-ਆਧਾਰਿਤ ਪ੍ਰਬੰਧਨ ਤੇ ਨਿਰਭਰ ਕਰਦੀ ਹੈ। ਏਕੀਕ੍ਰਿਤ ਫ਼ਸਲ ਪ੍ਰਬੰਧਨ ਦੀਆਂ ਤਕਨੀਕਾਂ ਨੂੰ ਸਹੀ ਤਰੀਕੇ ਨਾਲ਼ ਲਾਗੂ ਕਰਨ ਕਰਕੇ ਬੂਟਿਆਂ ਦਾ ਵਧੀਆ ਵਿਕਾਸ ਹੁੰਦਾ ਹੈ, ਖ਼ਰਚਾ ਘੱਟ ਹੁੰਦਾ ਹੈ ਅਤੇ ਇਹ ਫ਼ਸਲਾਂ ਨੂੰ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੇ ਮਾਰੂ ਪ੍ਰਭਾਵਾਂ ਤੋਂ ਬਚਾਉਂਦਾ ਹੈ।

## ਮਿੱਟੀ ਦੀ ਸਿਹਤ ਅਤੇ ਏਕੀਕ੍ਰਿਤ ਖ਼ੁਰਾਕੀ ਤੱਤ ਪ੍ਰਬੰਧਨ:

- **ਵੱਡੇ ਖ਼ੁਰਾਕੀ ਤੱਤਾਂ ਦੀ ਸੰਤੁਲਿਤ ਵਰਤੋਂ:** ਫ਼ਸਲ ਬਿਜਾਈ ਤੋਂ ਪਹਿਲਾਂ ਮਿੱਟੀ ਪਰਖ਼ ਦੇ ਅਧਾਰ ਤੇ ਰਸਾਇਣਿਕ ਖ਼ਾਦਾਂ ਦੀ ਸੰਤੁਲਿਤ ਵਰਤੋਂ ਕਰਕੇ, ਰੂੜੀ ਅਤੇ ਹਰੀ ਖ਼ਾਦ ਪਾ ਕੇ ਅਤੇ ਢੁਕਵਾਂ ਫ਼ਸਲ ਚੱਕਰ ਆਪਣਾ ਕੇ ਮਿੱਟੀ ਦੀ ਸਿਹਤ ਵਿੱਚ ਸੁਧਾਰ ਕਰੋ।

- **ਸੂਖ਼ਮ ਖ਼ੁਰਾਕੀ ਤੱਤਾਂ ਦੀ ਵਰਤੋਂ:** ਫ਼ਸਲ ਦੀ ਜ਼ਰੂਰਤ ਦੇ ਹਿਸਾਬ ਨਾਲ ਸੂਖ਼ਮ ਖ਼ੁਰਾਕੀ ਤੱਤਾਂ (ਜ਼ਿੰਕ, ਬੋਰੋਨ ਅਤੇ ਮੈਂਗਨੀਜ਼ ਆਦਿ) ਦੀ ਘਾਟ ਨੂੰ ਛਿੜਕਾਅ ਕਰਕੇ ਪੂਰਾ ਕਰੋ।

## ਏਕੀਕ੍ਰਿਤ ਬਿਮਾਰੀ ਪ੍ਰਬੰਧਨ:

- **ਫ਼ਸਲ ਨੂੰ ਬਿਮਾਰੀ ਲੱਗਣ ਤੋਂ ਬਚਾਅ:** ਮਿੱਟੀ ਵਿੱਚੋਂ ਅਤੇ ਪੱਤਿਆਂ ਤੇ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਜੈਵਿਕ ਖ਼ਾਦਾਂ, ਜੈਵਿਕ ਕੀਟਨਾਸ਼ਕਾਂ ਅਤੇ ਜੈਵਿਕ ਉੱਲੀਨਾਸ਼ਕਾਂ ਨਾਲ ਮਿੱਟੀ ਅਤੇ ਬੀਜ ਨੂੰ ਸੋਧ ਕੇ ਬਿਜਾਈ ਕਰਨ ਅਤੇ ਖ਼ੇਤਾਂ ਅਤੇ ਖ਼ੇਤਾਂ ਦੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖ ਕੇ ਫ਼ਸਲ ਨੂੰ ਬਿਮਾਰੀ ਲੱਗਣ ਤੋਂ ਬਚਾਅ ਕੀਤਾ ਜਾ ਸਕਦਾ ਹੈ ਅਤੇ ਇਸ ਨਾਲ ਫ਼ਸਲ ਦੀ ਸਿਹਤ ਵੀ ਵਧੀਆ ਹੁੰਦੀ ਹੈ।

- **ਪੱਤਿਆਂ ਤੇ ਲੱਗਣ ਵਾਲੀਆਂ ਬਿਮਾਰੀਆਂ ਤੇ ਕ਼ਾਬੂ ਪਾਉਣਾ:** ਵਧੇਰੇ ਮੀਂਹ ਅਤੇ ਨਮੀ ਵਾਲੇ ਦਿਨਾਂ ਵਿੱਚ ਫ਼ਸਲ ਦੀ ਲਗਾਤਾਰ ਨਿਗਰਾਨੀ ਕਰੋ। ਜਦੋਂ ਮੌਸਮ ਬਿਮਾਰੀ ਲੱਗਣ ਅਤੇ ਵਧਣ-ਫ਼ੁੱਲਣ ਦੇ ਅਨੁਕੂਲ ਹੋਵੇ ਓਦੋਂ ਸਿਫ਼ਾਰਿਸ਼ ਕੀਤੀਆਂ ਉੱਲੀਨਾਸ਼ਕ ਜ਼ਹਿਰਾਂ ਦਾ ਸੰਤੁਲਿਤ ਛਿੜਕਾਅ ਕਰੋ।

## ਏਕੀਕ੍ਰਿਤ ਕੀੜੇ-ਮਕੌੜਿਆਂ ਦਾ ਪ੍ਰਬੰਧ:

- **ਖ਼ੇਤਾਂ ਵਿੱਚ ਸਰਵੇਖ਼ਣ ਕਰੋ:** ਖ਼ੇਤਾਂ ਵਿੱਚ ਰਸ ਚੂਸਣ ਵਾਲੇ ਕੀੜਿਆਂ (ਜੂੰ, ਹਰੇ ਤੇਲੇ ਅਤੇ ਚਿੱਟੀ ਮੱਖੀ ਆਦਿ) ਅਤੇ ਸੁੰਡੀਆਂ ਦਾ ਹਫ਼ਤਾਵਾਰੀ ਸਰਵੇਖ਼ਣ ਕਰੋ।
- **ਟ੍ਰੈਪ ਲਗਾਓ ਅਤੇ ਜੈਵਿਕ ਕੀਟਨਾਸ਼ਕਾਂ ਦੀ ਵਰਤੋਂ ਕਰੋ:** ਫ਼ਸਲ ਦੇ ਸ਼ੁਰੂਆਤੀ ਦੌਰ ਵਿੱਚ ਸੁੰਡੀਆਂ ਦੇ ਭਮੱਕੜਾਂ ਦੀ ਨਿਗਰਾਨੀ ਲਈ ਫ਼ਿਰੋਮੋਨ ਟ੍ਰੈਪ ਲਗਾਓ, ਸੁੰਡੀਆਂ ਦੇ ਭਮੱਕੜਾਂ ਦੇ ਆਂਡੇ ਦੇਣ ਦੇ ਸਮੇਂ ਦਾ ਪਤਾ ਲਗਾਓ ਅਤੇ ਜੈਵਿਕ ਅਤੇ ਹੋਰ ਵਨਸਪਤੀ ਅਧਾਰਿਤ ਕੀਟਨਾਸ਼ਕਾਂ ਦਾ ਛਿੜਕਾਅ ਕਰੋ।

- **ਮਿੱਤਰ ਕੀੜਿਆਂ ਨੂੰ ਬਚਾਓ:** ਮਿੱਤਰ ਕੀੜਿਆਂ ਨੂੰ ਘੱਟ ਤੋਂ ਘੱਟ ਨੁਕਸਾਨ ਕਰਨ ਵਾਲੀਆਂ ਕੀਟਨਾਸ਼ਕਾਂ ਦਾ ਛਿੜਕਾਅ ਕਰੋ।
- **ਰਸਾਇਣਿਕ ਕੀਟਨਾਸ਼ਕ ਜ਼ਹਿਰਾਂ ਨੂੰ ਸੰਜਮ ਨਾਲ ਵਰਤੋ:** ਸਿਰਫ਼ ਸਿਫ਼ਾਰਿਸ਼ ਕੀਤੀਆਂ ਰਸਾਇਣਿਕ ਕੀਟਨਾਸ਼ਕ ਜ਼ਹਿਰਾਂ ਦੀ ਸਿਫ਼ਾਰਿਸ਼ ਕੀਤੀ ਮਾਤਰਾ ਦਾ ਕੀੜੇ ਦੇ ਆਰਥਿਕ ਪੱਧਰ ਤੋਂ ਵੱਧ ਹੋਣ ਤੇ ਹੀ ਛਿੜਕਾਅ ਕਰੋ।

## ਅ. ਖ਼ੇਤਰੀ ਸਲਾਹ:

| ਪੰਜਾਬ | | ਅਸਲ ਵਿੱਚ ਪਿਆ ਮੀਂਹ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.) | | | | | | | ਮੀਂਹ ਦੀ ਭਵਿੱਖਬਾਣੀ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.) | | | | |
|---|---|---|---|---|---|---|---|---|---|---|---|---|---|
| | | ਸਤੰਬਰ | | | | | | | ਸਤੰਬਰ | | | | |
| | | 01 | 02 | 03 | 04 | 05 | 06 | 07 | 09 | 10 | 11 | 12 | 13 |
|  | ਫ਼ਿਰੋਜ਼ਪੁਰ | | | | | | | | 0 | 0 | 0 | 0 | 0 |
| | ਫ਼ਰੀਦਕੋਟ | 0 | 0 | 0 | 0 | 0 | 1 | 0 | 0 | 0.1 | 0 | 0 | 0 |
| | ਮੁਕਤਸਰ | | | | | | | | 0 | 0.1 | 0 | 0 | 0 |
| | ਬਠਿੰਡਾ | 0 | 0 | 0 | 0 | 0 | 0 | 0 | 0 | 0 | 0 | 0 | 0 |
| | ਸੰਗਰੂਰ | | | | | | | | 0 | 0 | 0 | 0 | 0 |
| | ਲੁਧਿਆਣਾ | 0 | 0 | 0 | 22 | 0 | 5.4 | 0 | 0 | 0 | 0 | 0 | 0 |
| ਮੀਂਹ ਦੀ ਮਾਤਰਾ ਅਤੇ ਰੰਗ ਕੋਡ | 0.1 ਤੋਂ 2.4 ਮਿ. ਮੀ. | | | 2.5 ਤੋਂ 15.5 ਮਿ. ਮੀ. | | | 15.6 ਤੋਂ 64.4 ਮਿ. ਮੀ. | | | 64.5 ਤੋਂ 115.5 ਮਿ. ਮੀ. | | 115.6 ਤੋਂ 204.4 ਮਿ. ਮੀ. | |
| ਮੀਂਹ ਦੀ ਕਿਸਮ | ਬਹੁਤ ਹਲਕਾ ਮੀਂਹ | | | ਹਲਕਾ ਮੀਂਹ | | | ਮੱਧਮ ਦਰਜੇ ਦਾ ਮੀਂਹ | | | ਭਾਰਾ ਮੀਂਹ | | ਬਹੁਤ ਭਾਰਾ ਮੀਂਹ | |

**ਫ਼ਸਲ ਦੀ ਹਾਲਤ :**

ਬਠਿੰਡਾ ਵਿਖੇ ਫ਼ਸਲ 106 ਤੋਂ 126 ਦਿਨਾਂ ਦੀ ਹੋ ਗਈ ਹੈ ਅਤੇ ਫ਼ਸਲ ਅਤੇ ਟੀਂਡੇ ਬਣ ਰਹੇ ਹਨ। ਫ਼ਸਲ ਵਿੱਚ ਗੁਡਾਈ ਅਤੇ ਨਦੀਨ ਕੱਢਣ ਦਾ ਕੰਮ ਕੀਤਾ ਗਿਆ ਹੈ। ਜਿੱਥੇ ਫ਼ਸਲ ਫੁੱਲਾਂ ਤੇ ਹੈ ਉੱਥੇ ਫੁੱਲ-ਡੋਡੀ ਡਿੱਗਣ ਤੋਂ ਰੋਕਣ ਅਤੇ ਜ਼ਿਆਦਾ ਟੀਂਡੇ ਲੱਗਣ ਲਈ 2 % ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਛਿੜਕਾਅ ਕੀਤੇ ਗਏ ਹਨ। ਖ਼ੇਤਾਂ ਵਿੱਚ ਨਦੀਨ ਉੱਗ ਆਏ ਹਨ। ਚਿੱਟੀ ਮੱਖੀ ਦੀ ਮਿਕਦਾਰ 02-15 ਪ੍ਰਤੀ ਤਿੰਨ ਪੱਤੇ; ਹਰੇ ਤੇਲੇ ਦੀ ਮਿਕਦਾਰ 01- 06 ਪ੍ਰਤੀ ਤਿੰਨ ਪੱਤੇ ਦੇਖੀ ਗਈ ਹੈ। ਟੀਂਡਿਆਂ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਦੀ ਦਰ 0 ਤੋਂ 30 % ਤੱਕ ਸੀ। ਨਰਮੇਂ ਦੀਆਂ ਬਿਮਾਰੀਆਂ ਦੇ ਸੰਦਰਭ ਵਿੱਚ ਕੁਝ ਥਾਵਾਂ ਤੇ ਪੱਤਾ ਮਰੋੜ ਬਿਮਾਰੀ ਦੇ ਲੱਛਣ ਵੀ ਦੇਖੇ ਗਏ ਹਨ।

ਫ਼ਰੀਦਕੋਟ ਵਿਖੇ ਫ਼ਸਲ 114-124 ਦਿਨਾਂ ਹੋ ਗਈ ਹੈ ਅਤੇ ਫ਼ਸਲ ਤੇ ਟੀਂਡੇ ਬਣ ਅਤੇ ਪੱਕ ਰਹੇ ਹਨ। ਨਰਮੇਂ ਦੀਆਂ ਕਤਾਰਾਂ ਵਿਚਕਾਰ ਬਚੇ ਹੋਏ ਨਦੀਨਾਂ ਨੂੰ ਹੱਥਾਂ ਨਾਲ਼ ਗੋਡੀ ਕਰ ਕੇ ਕੱਢ ਦਿੱਤਾ ਗਿਆ ਹੈ ਅਤੇ ਕੀਟਨਾਸ਼ਕਾਂ ਦੇ ਛਿੜਕਾਅ ਕੀਤੇ ਗਏ ਹਨ। ਖ਼ੇਤਾਂ ਵਿੱਚ ਨਦੀਨ ਉੱਗ ਆਏ ਸਨ, ਪਰ ਸਿਫਾਰਿਸ਼ ਕੀਤੇ ਨਦੀਨਨਾਸ਼ਕਾਂ ਨਾਲ਼ ਕ਼ਾਬੂ ਕਰ ਲਏ ਹਨ। ਲਗਭਗ ਸਾਰੀਆਂ ਥਾਵਾਂ ਤੇ ਚਿੱਟੀ ਮੱਖੀ ਦੀ ਮਿਕਦਾਰ ਆਰਥਿਕ ਪੱਧਰ ਦੇ ਨੇੜੇ ਜਾਂ ਆਰਥਿਕ ਪੱਧਰ ਤੋਂ ਵੱਧ ਸੀ। ਜ਼ਿਆਦਾ

| | | |
|---|---|---|
| | | ਗਰਮੀ ਅਤੇ ਮੀਂਹ ਘੱਟ ਪੈਣ ਕਰਕੇ ਜੂੰ ਦੀ ਮਿਕਦਾਰ ਪਿਛਲੇ ਹਫ਼ਤੇ ਦੇ ਮੁਕਾਬਲੇ ਵੱਧ ਸੀ। ਲਗਭਗ ਸਾਰੀਆਂ ਥਾਵਾਂ ਤੇ ਹਰੇ ਤੇਲੇ ਦੀ ਮਿਕਦਾਰ ਆਰਥਿਕ ਪੱਧਰ ਤੋਂ ਵੱਧ ਸੀ ਅਤੇ ਹਰੇ ਤੇਲੇ ਕਰਕੇ ਨੁਕਸਾਨ ਦਾ ਪੱਧਰ 2-3 ਦਰਜੇ ਦਾ ਸੀ। ਸਰਵੇਖਣ ਕੀਤੀਆਂ ਸਾਰੀਆਂ ਥਾਵਾਂ ਤੇ ਫ਼ੁੱਲਾਂ ਵਿੱਚ ਗੁਲਾਬੀ ਸੁੰਡੀ ਦਾ ਹਮਲਾ ਆਰਥਿਕ ਪੱਧਰ ਤੋਂ ਘੱਟ ਸੀ।<br><br>**ਸਲਾਹ :-**<br>ਬਠਿੰਡਾ ਵਿਖੇ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਨਰਮੇਂ-ਕਪਾਹ ਦੀ ਫ਼ਸਲ ਵਿੱਚ ਹਫ਼ਤੇ ਦੇ ਵਕਫ਼ੇ ਤੇ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਚਾਰ ਛਿੜਕਾਅ ਕਰੋ ਤਾਂ ਕਿ ਜ਼ਿਆਦਾ ਟੀਂਡੇ ਬਣ ਸਕਣ ਤੇ ਫੁੱਲ - ਡੋਡੀ ਘੱਟ ਡਿੱਗੇ। ਦਰਮਿਆਨੀਆਂ ਅਤੇ ਭਾਰੀਆਂ ਜਮੀਨਾਂ ਵਿੱਚ ਬੀਜੀ ਦੇਸੀ ਕਪਾਹ ਜ਼ਿਆਦਾ ਕੱਦ ਕਰ ਜਾਂਦੀ ਹੈ, ਜਿਸ ਕਰਕੇ ਟੀਂਡੇ ਦੀਆਂ ਸੁੰਡੀਆਂ ਨੂੰ ਕ਼ਾਬੂ ਕਰਨ ਲਈ ਕੀੜੇਮਾਰ ਜ਼ਹਿਰਾਂ ਦੇ ਛਿੜਕਾਅ ਕਰਨ ਵਿੱਚ ਮੁਸ਼ਕਿਲ ਆਉਂਦੀ ਹੈ। ਜ਼ਿਆਦਾ ਕੱਦ ਕਾਰਨ ਬੂਟਿਆਂ ਦੇ ਟੂਸੇ ਕੀੜੇਮਾਰ ਜ਼ਹਿਰਾਂ ਦੇ ਛਿੜਕਾਅ ਕੀਤੇ ਬਿਨਾਂ ਹੀ ਰਹਿ ਜਾਂਦੇ ਹਨ। ਇਹਨਾਂ ਬੂਟਿਆਂ ਦੇ ਟੂਸਿਆਂ ਤੇ ਲੱਗੀ ਫੁੱਲ- ਡੋਡੀ ਜ਼ਿਆਦਾ ਕਪਾਹ ਨਹੀਂ ਪੈਦਾ ਕਰਦੀ, ਪਰੰਤੂ ਕੀੜੇ-ਮਕੌੜਿਆਂ ਦੇ ਵਧਣ-ਫੁੱਲਣ ਵਿੱਚ ਬਹੁਤ ਸਹਾਇਤਾ ਕਰਦੀ ਹੈ। ਜਦੋਂ ਹੀ ਕਪਾਹ ਦਾ ਕੱਦ 1.5 ਮੀਟਰ ਤੋਂ ਵੱਧ ਹੋ ਜਾਵੇ, ਉਦੋਂ ਹੀ ਤੂਤ ਦੀ ਹਰੀ ਟਾਹਣੀ / ਛਟੀ ਜਾਂ ਦਾਤਰੀ ਨਾਲ ਟੂਸੇ ਤੋੜ ਦਿਓ। ਜੇ ਚਿੱਟੀ ਮੱਖੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਇਸ ਨੂੰ ਕ਼ਾਬੂ ਕਰਨ ਲਈ ਅਫੀਡੋਪਾਈਰਨ 50 ਡੀ ਸੀ @ 400 ਮਿਲੀਲੀਟਰ ਪ੍ਰਤੀ ਏਕੜ ਜਾਂ ਫਲੋਨਿਕਾਮਿਡ 50 ਡਬਲਯੂ ਜੀ @ 80 ਗ੍ਰਾਮ ਪ੍ਰਤੀ ਏਕੜ ਜਾਂ ਕਲੋਥਿਆਨਿਡਿਨ 50 ਡਬਲਯੂ ਡੀ ਜੀ @ 20 ਗ੍ਰਾਮ ਪ੍ਰਤੀ ਏਕੜ ਜਾਂ ਡਾਇਨੋਟਫੁਰਾਨ 20 ਐਸ ਜੀ @ 60 ਗ੍ਰਾਮ ਜਾਂ ਪਾਈਰੀਫਲੂਕਵਿਨਾਜ਼ੋਨ @ 200 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਕਰੋ। ਜੇ ਹਰਾ ਤੇਲਾ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਇਸ ਨੂੰ ਕ਼ਾਬੂ ਕਰਨ ਲਈ ਡਾਇਨੋਟੇਫੁਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਜਾਂ ਟੌਲਫੇਨਪਾਈਰਾਡ 15 ਈ ਸੀ @ 300 ਮਿਲੀਲੀਟਰ ਪ੍ਰਤੀ ਏਕੜ ਜਾਂ ਫੇਨਪਾਇਰੋਕਸੀਮੇਟ 5 ਈ ਸੀ @ 300 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਜੇ ਜੂੰ ਆਰਥਿਕ ਪੱਧਰ ਤੋਂ ਉੱਪਰ ਹੋਣ ਤਾਂ ਪ੍ਰੋਫ਼ੇਨੋਫੋਸ 50 ਈ. ਸੀ. @ 500 ਮਿਲੀਲੀਟਰ ਪ੍ਰਤੀ ਏਕੜ ਜਾਂ ਸਪਿੰਟੋਰਾਮ 11.7 ਐਸ ਸੀ @170 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਜੇ ਜੂੰ ਅਤੇ ਗੁਲਾਬੀ ਸੁੰਡੀ ਆਰਥਿਕ ਪੱਧਰ ਤੋਂ ਉੱਪਰ ਹੋਣ ਤਾਂ ਪ੍ਰੋਫ਼ੇਨੋਫੋਸ 50 ਈ. ਸੀ. @ 500 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਜੇਕਰ ਚਿੱਟੀ ਮੱਖੀ ਦੀ ਮਿਕਦਾਰ ਆਰਥਿਕ ਪੱਧਰ ਤੋਂ ਘੱਟ ਹੋਵੇ ਤਾਂ ਇਸ ਨੂੰ ਕ਼ਾਬੂ ਕਰਨ ਲਈ ਫਲੋਨਿਕਾਮਿਡ 50 ਡਬਲਯੂ ਜੀ @ 80 ਗ੍ਰਾਮ ਪ੍ਰਤੀ ਏਕੜ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਗੁਲਾਬੀ ਸੁੰਡੀ ਦੀ ਨਿਗਰਾਨੀ ਲਈ ਖ਼ੇਤਾਂ ਵਿੱਚ ਘੱਟੋ-ਘੱਟ 2 ਫ਼ਿਰੋਮੋਨ ਟ੍ਰੈਪ ਪ੍ਰਤੀ ਏਕੜ ਲਗਾਓ। ਜੇਕਰ ਖ਼ੇਤ ਵਿੱਚ ਭੰਬੀਰੀ ਵਰਗੇ ਫ਼ੁੱਲ ਹੋਣ ਤਾਂ ਉਹਨਾ ਨੂੰ ਤੋੜ ਕੇ ਨਸ਼ਟ ਕਰ ਦਿਓ। ਜੇਕਰ ਗੁਲਾਬੀ ਸੁੰਡੀ ਦਾ ਹਮਲਾ ਆਰਥਿਕ ਪੱਧਰ (5% ਹਰੇ ਟੀਂਡਿਆਂ ਵਿੱਚ) ਤੋਂ ਵੱਧ ਹੋਵੇ ਤਾਂ ਇਮਾਮੇਕਟਿਨ ਬੇਨਜ਼ੋਏਟ 5 ਐਸ. ਜੀ. @ 100 ਗ੍ਰਾਮ ਪ੍ਰਤੀ ਏਕੜ ਜਾਂ ਸਪਿੰਟੋਰਾਮ 11.7 ਐਸ. ਸੀ. @ 170 ਮਿਲੀਲੀਟਰ ਪ੍ਰਤੀ ਏਕੜ ਦਾ 200 ਲੀਟਰ ਪਾਣੀ ਵਿੱਚ ਘੋਲ ਬਣਾ ਕੇ ਛਿੜਕਾਅ ਕਰੋ। ਜੇਕਰ ਖ਼ੇਤ ਵਿੱਚ ਪੈਰਾਵਿਲਟ ਦੀਆਂ ਮੁਢਲੀਆਂ ਨਿਸ਼ਾਨੀਆਂ ਨਜ਼ਰ |

| | | |
|---|---|---|
| | | ਆਉਣ ਤਾਂ ਇਸ ਦੀਆਂ ਮੁਢਲੀਆਂ ਨਿਸ਼ਾਨੀਆਂ ਦੇਖਦੇ ਸਾਰ ਹੀ ਕਾਪਰ ਆਕਸੀਕਲੋਰਾਈਡ 50% ਡਬਲਯੂ ਪੀ @ 250 ਗ੍ਰਾਮ ਜਾਂ ਕਾਰਬੇਂਡਾਜ਼ੀਮ 50% ਡਬਲਿਊ ਪੀ @ 120 ਗ੍ਰਾਮ + ਯੂਰੀਆ @ 2 ਕਿਲੋਗ੍ਰਾਮ ਪ੍ਰਤੀ 100 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਭਾਵਿਤ ਬੂਟਿਆਂ ਦੀਆਂ ਜੜਾਂ ਨੂੰ ਇੱਕ ਹਫ਼ਤੇ ਦੇ ਵਕਫ਼ੇ ਤੇ 2-3 ਵਾਰ ਗੜੁੱਚ ਕਰੋ ਜਾਂ ਉਹਨਾਂ ਬੂਟਿਆਂ ਉੱਪਰ ਕੋਬਾਲਟ ਕਲੋਰਾਈਡ @1 ਗ੍ਰਾਮ ਪ੍ਰਤੀ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ਅਤੇ 5-7 ਦਿਨਾਂ ਦੇ ਅੰਦਰ-ਅੰਦਰ ਇਸ ਛਿੜਕਾਅ ਨੂੰ ਦੁਹਰਾਓ। ਪੱਤਾ ਮਰੋੜ ਬਿਮਾਰੀ ਨੂੰ ਵਧਣ ਤੋਂ ਰੋਕਣ ਲਈ ਸਿਫਾਰਿਸ਼ ਕੀਤੀਆਂ ਕੀੜੇਮਾਰ ਜ਼ਹਿਰਾਂ ਦਾ ਛਿੜਕਾਅ ਕਰਕੇ ਚਿੱਟੀ ਮੱਖੀ ਨੂੰ ਕ਼ਾਬੂ ਕਰੋ। ਨਰਮੇਂ ਦੇ ਪੱਤਿਆਂ ਤੇ ਉੱਲੀਆਂ ਕਰਕੇ ਹੋਏ ਧੱਬਿਆਂ ਦੀ ਬਿਮਾਰੀ ਦੀ ਰੋਕਥਾਮ ਲਈ ਅਜ਼ੋਕਸਿਸਟ੍ਰੋਬਿਨ 18.2% + ਡੀਫੈਨੋਕੋਨਾਜੋਲ 11.4% @ 200 ਮਿਲੀਲੀਟਰ ਨੂੰ 200 ਲੀਟਰ ਪਾਣੀ ਵਿੱਚ ਘੋਲ ਬਣਾ ਕੇ ਛਿੜਕਾਅ ਕਰੋ। ਜੇ ਨਰਮੇਂ ਦੇ ਪੱਤੇ ਕਾਲੇ ਹੋਣ ਲੱਗ ਜਾਣ ਤਾਂ 10-15 ਦਿਨਾਂ ਦੇ ਵਕਫ਼ੇ ਤੇ 1-2 ਛਿੜਕਾਅ ਪ੍ਰੋਪੀਕੋਨਾਜੋਲ 25 % ਈ ਸੀ @ 10 ਮਿਲੀਲੀਟਰ ਪ੍ਰਤੀ 10 ਲੀਟਰ ਪਾਣੀ (500 ਮਿਲੀਲੀਟਰ ਪ੍ਰਤੀ ਹੈਕਟਰ) ਜਾਂ ਕਾਪਰ ਆਕਸੀਕਲੋਰਾਈਡ (ਸੀ ਓ ਸੀ) 50% ਡਬਲਯੂ ਪੀ @ 25 ਗ੍ਰਾਮ ਪ੍ਰਤੀ 10 ਲੀਟਰ ਪਾਣੀ (1250 ਗ੍ਰਾਮ ਪ੍ਰਤੀ ਹੈਕਟਰ) ਦਾ ਛਿੜਕਾਅ ਕਰੋ।<br><br>ਫ਼ਰੀਦਕੋਟ ਵਿਖੇ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਫੁੱਲ – ਡੋਡੀ ਡਿੱਗਣ ਤੋਂ ਰੋਕਣ ਅਤੇ ਜ਼ਿਆਦਾ ਟੀਂਡਿਆਂ ਲਈ ਹਫ਼ਤੇ ਤੋਂ ਦਸ ਦਿਨਾਂ ਦੇ ਵਕਫ਼ੇ ਤੇ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਛਿੜਕਾਅ ਕਰੋ। ਇਸ ਲਈ 2 ਕਿਲੋ ਪੋਟਾਸ਼ੀਅਮ ਨਾਈਟ੍ਰੇਟ ਨੂੰ 100 ਲੀਟਰ ਚੰਗੇ ਪਾਣੀ ਵਿੱਚ ਘੋਲੋ ਅਤੇ ਛਿੜਕਾਅ ਕਰਨ ਵੇਲੇ ਫ਼ੁਆਰਾ ਬਿਲਕੁਲ ਬਾਰੀਕ ਰੱਖੋ ਤਾਂ ਜੋ ਛਿੜਕਾਅ ਦੀਆਂ ਬੂੰਦਾਂ ਪੱਤਿਆਂ ਉੱਤੇ ਟਿਕ ਸਕਣ। ਜੇ ਚਿੱਟੀ ਮੱਖੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਫਲੋਨੀਕਾਮਿਡ 50 ਡਬਲਯੂ ਜੀ @ 80 ਗ੍ਰਾਮ ਪ੍ਰਤੀ ਏਕੜ ਜਾਂ ਡਾਇਨੋਟੇਫੁਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਕਰੋ; ਜੇਕਰ ਚਿੱਟੀ ਮੱਖੀ ਦੇ ਬਾਲਗਾਂ ਅਤੇ ਬੱਚਿਆਂ ਦਾ ਹਮਲਾ ਜਿਆਦਾ ਹੈ ਤਾਂ ਇਥੀਓਨ 50 ਈ ਸੀ @ 800 ਮਿਲੀਲੀਟਰ ਪ੍ਰਤੀ ਏਕੜ ਜਾਂ ਅਫੀਡੋਪਾਈਰੋਪੇਨ @ 400 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ ਜਾਂ ਬਦਲ ਦੇ ਤੌਰ ਤੇ ਪਾਈਰੀਪਰੋਕਸੀਫੇਨ @ 500 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਚਿੱਟੀ ਮੱਖੀ ਨੂੰ ਕ਼ਾਬੂ ਕਰਨ ਤੋਂ ਬਾਅਦ ਹੀ ਨਾਈਟ੍ਰੋਜਨ ਵਾਲੀ ਖ਼ਾਦ (ਯੂਰੀਆ) ਪਾਓ। ਜੇਕਰ ਖ਼ੇਤ ਵਿੱਚ ਜੂੰ ਦਾ ਹਮਲਾ ਹੋਵੇ ਤਾਂ ਫ਼ਸਲ ਨੂੰ ਪਤਲਾ ਪਾਣੀ ਲਾਓ। ਜੇਕਰ ਹਮਲਾ ਵਧਦਾ ਹੋਵੇ ਤਾਂ ਪ੍ਰੋਫੇਨੋਫੋਸ 50 ਈ. ਸੀ. @ 500 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ (ਛਿੜਕਾਅ ਲਈ 200 ਲੀਟਰ ਪਾਣੀ ਪ੍ਰਤੀ ਏਕੜ ਵਰਤੋ)। ਗੁਲਾਬੀ ਸੁੰਡੀ ਦੀ ਨਿਗਰਾਨੀ ਲਈ ਗੋਸੀਪਲੋਰ ਵਾਲੇ ਫ਼ਿਰੋਮੋਨ ਟ੍ਰੈਪ / ਡੇਲਟਾ ਟ੍ਰੈਪ 2 ਟ੍ਰੈਪ ਪ੍ਰਤੀ ਏਕੜ ਦੀ ਵਰਤੋਂ ਕਰੋ ਅਤੇ ਟ੍ਰੈਪ ਬੂਟਿਆਂ ਤੋਂ 15 ਸੈਂਟੀਮੀਟਰ ਉੱਪਰ ਲਗਾਓ। ਲਿਓਰ ਨੂੰ 30 ਦਿਨਾਂ ਬਾਅਦ ਜਾਂ ਲਿਓਰ ਦੇ ਨਾਲ ਮਿਲੇ ਪਰਚੇ ਉੱਪਰ ਲਿਖੀਆਂ ਹਦਾਇਤਾਂ ਮੁਤਾਬਿਕ ਬਦਲੋ। ਜੇਕਰ ਗੁਲਾਬੀ ਸੁੰਡੀ ਦਾ ਹਮਲਾ ਆਰਥਿਕ ਪੱਧਰ (5% ਹਰੇ ਟੀਂਡਿਆਂ ਵਿੱਚ) ਤੋਂ ਵੱਧ ਹੋਵੇ ਤਾਂ ਪ੍ਰੋਫੇਨੋਫੋਸ 50 ਈ. ਸੀ. @ 500 ਮਿਲੀਲੀਟਰ ਪ੍ਰਤੀ ਏਕੜ ਜਾਂ ਇਮਾਮੇਕਟਿਨ ਬੇਨਜ਼ੋਏਟ 5 ਐਸ. ਜੀ. @ 100 ਗ੍ਰਾਮ ਪ੍ਰਤੀ ਏਕੜ ਜਾਂ ਸਪਿੰਟੋਰਾਮ 11.7 ਐਸ. ਸੀ. @ 170 ਮਿਲੀਲੀਟਰ ਪ੍ਰਤੀ ਏਕੜ ਦਾ 200 ਲੀਟਰ ਪਾਣੀ |

| | | |
|---|---|---|
| | | ਵਿੱਚ ਘੋਲ ਬਣਾ ਕੇ ਛਿੜਕਾਅ ਕਰੋ। ਖ਼ੇਤਾਂ / ਨਹਿਰਾਂ ਆਦਿ ਦੇ ਆਲੇ-ਦੁਆਲੇ ਅਤੇ ਖ਼ਾਲੀ / ਬੰਜ਼ਰ ਖੇਤਰਾਂ ਨੂੰ ਕੰਘੀਬੂਟੀ ਅਤੇ ਪੀਲੀਬੂਟੀ ਵਰਗੇ ਨਦੀਨਾਂ ਤੋਂ ਮੁਕਤ ਰੱਖੋ, ਜਿਨ੍ਹਾਂ ਤੇ ਪੱਤਾ ਮਰੋੜ ਬਿਮਾਰੀ ਦੇ ਵਿਸ਼ਾਣੂ ਪਲਦੇ ਰਹਿੰਦੇ ਹਨ। ਸਿੰਚਾਈ ਤੋਂ ਬਾਅਦ ਨਰਮੇਂ ਦੀ ਫ਼ਸਲ ਵਿੱਚ ਪੈਰਾਵਿਲਟ ਕਰਕੇ ਕੁੱਝ ਬੂਟੇ ਮੁਰਝਾ ਜਾਂਦੇ ਹਨ। ਪੈਰਾਵਿਲਟ ਦੀਆਂ ਮੁਢਲੀਆਂ ਨਿਸ਼ਾਨੀਆਂ ਦੇਖਦੇ ਸਾਰ ਹੀ ਉਹਨਾਂ ਬੂਟਿਆਂ ਉੱਪਰ ਕੋਬਾਲਟ ਕਲੋਰਾਈਡ @ 10 ਮਿਲੀਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਪ੍ਰਭਾਵਿਤ ਬੂਟਿਆਂ ਤੇ ਮੁਰਝਾਓਣ ਦੇ ਸ਼ੁਰੂਆਤੀ ਸਮੇਂ ਤੇ ਛਿੜਕਾਅ ਕਰੋ। ਤੰਬਾਕੂ ਸਟ੍ਰੀਕ ਵਿਸ਼ਾਣੂ ਦੀ ਬਿਮਾਰੀ - ਜੋ ਕਿ ਜੂੰ ਨਾਲ਼ ਫ਼ੈਲਦੀ ਹੈ - ਦੇ ਹਮਲੇ ਨੂੰ ਘੱਟ ਕਰਨ ਲਈ ਕਾਂਗਰਸੀ ਘਾਹ / ਗਾਜਰ ਬੂਟੀ ਨੂੰ ਨਸ਼ਟ ਕਰੋ ਅਤੇ ਖ਼ੇਤਾਂ ਨੂੰ ਸਾਫ਼ - ਸੁਥਰਾ ਰੱਖੋ ਅਤੇ ਜੂੰ ਨੂੰ ਕ਼ਾਬੂ ਕਰਨ ਲਈ ਸਿਫ਼ਾਰਿਸ਼ ਕੀਤੀਆਂ ਕੀਟਨਾਸ਼ਕ ਜ਼ਹਿਰਾਂ ਦਾ ਛਿੜਕਾਅ ਕਰੋ। ਜੇ ਨਰਮੇਂ ਦੇ ਪੱਤੇ ਕਾਲੇ ਹੋਣ ਲੱਗ ਜਾਣ ਤਾਂ 10-15 ਦਿਨਾਂ ਦੇ ਵਕਫ਼ੇ ਤੇ 1-2 ਛਿੜਕਾਅ ਪ੍ਰੋਪੀਕੋਨਾਜੋਲ 25 % ਈ ਸੀ @ 10 ਮਿਲੀਲੀਟਰ ਪ੍ਰਤੀ 10 ਲੀਟਰ ਪਾਣੀ (500 ਮਿਲੀਲੀਟਰ ਪ੍ਰਤੀ ਹੈਕਟਰ) ਜਾਂ ਕਾਪਰ ਆਕਸੀਕਲੋਰਾਈਡ (ਸੀ ਓ ਸੀ) 50% ਡਬਲਯੂ ਪੀ @ 25 ਗ੍ਰਾਮ ਪ੍ਰਤੀ 10 ਲੀਟਰ ਪਾਣੀ (1250 ਗ੍ਰਾਮ ਪ੍ਰਤੀ ਹੈਕਟਰ) ਦਾ ਛਿੜਕਾਅ ਕਰੋ। |